# ਇਮੀਗਰੇਸ਼ਨ ਦੇ ਅਨਿਸ਼ਚਿਤ ਦਰਜੇ ਜਾਂ ਬਿਨਾਂ ਦਰਜੇ ਵਾਲੇ ਵਸਨੀਕਾਂ ਲਈ ਸਿਟੀ ਦੀਆਂ ਸੇਵਾਵਾਂ ਤੱਕ ਬਿਨਾਂ ਕਿਸੇ ਡਰ ਦੇ ਪਹੁੰਚ

## ਵੈਨਕੂਵਰ ਸਕੂਲ ਬੋਰਡ ਦਾ ਵਿਹਾਰ ਅਤੇ ਅਮਲ

*ਵੈਨਕੂਵਰ ਸਕੂਲ ਡਿਸਟ੍ਰਿਕਟ (ਜ਼ਿਲਾ) ਵੈਨਕੂਵਰ ਸਿਟੀ ਦੇ **ਬਿਨਾਂ ਡਰ ਦੇ ਪਹੁੰਚ** ਦੇ ਆਦੇਸ਼ ਦੀ ਹਿਮਾਇਤ ਕਰਦਾ ਹੈ। ਡਿਸਟ੍ਰਿਕਟ, ਮਨਿਸਟਰੀ ਔਫ ਐਜੂਕੇਸ਼ਨ ਦੀਆਂ ਫੰਡਾਂ ਦੀਆਂ ਪਾਲਸੀਆਂ ਵਿਚਲੀਆਂ ਬੰਦਸ਼ਾਂ ਦੀ ਪਾਲਣਾ ਕਰਦੇ ਹੋਏ, ਉਹ ਹਰ ਚੀਜ਼ ਕਰਨਾ ਚਾਹੁੰਦਾ ਹੈ ਜਿਹੜੀ ਇਹ ਕਰ ਸਕਦਾ ਹੋਵੇ ਤਾਂ ਜੋ ਸਾਰੇ ਵਿਦਿਆਰਥੀ ਸਰਕਾਰੀ ਫੰਡਾਂ ਨਾਲ ਹੋਣ ਵਾਲੀ ਪੜ੍ਹਾਈ ਕਰ ਸਕਣ।*

### ਉਹ ਵਿਦਿਆਰਥੀ ਜਿਹੜੇ ਕੈਨੇਡਾ ਵਿਚ ਨਵੇਂ ਹਨ, ਵੈਨਕੂਵਰ ਸਕੂਲ ਡਿਸਟ੍ਰਿਕਟ ਨਾਲ ਕਿਵੇਂ ਰਜਿਸਟਰ ਹੁੰਦੇ ਹਨ?

*ਸਕੂਲ ਕੈਨੇਡਾ ਤੋਂ ਬਾਹਰ ਪੈਦਾ ਹੋਏ ਸਾਰੇ ਵਿਦਿਆਰਥੀਆਂ ਨੂੰ ਸਾਡੇ ਡਿਸਟ੍ਰਿਕਟ ਰਿਸੈਪਸ਼ਨ ਐਂਡ ਪਲੇਸਮੈਂਟ ਸੈਂਟਰ ਵਿਚ ਰਜਿਸਟਰ ਹੋਣ ਲਈ ਭੇਜਦੇ ਹਨ। ਅੱਗੇ ਦਿੱਤੇ ਵੈੱਬਸਾਈਟ ਉੱਪਰ ਡੀ ਆਰ ਪੀ ਸੀ ਰਜਿਸਟਰੇਸ਼ਨ ਬਾਰੇ ਜਾਣਕਾਰੀ ਦੇਖੋ: www.vsb.bc.ca/site/nwc*

### ਜੇ ਕੋਈ ਵਿਦਿਆਰਥੀ ਕੈਨੇਡਾ ਵਿਚ ਪੈਦਾ ਹੋਇਆ ਹੋਵੇ ਪਰ ਉਸ ਦੇ ਮਾਪੇ ਇੱਥੇ ਨਾ ਪੈਦਾ ਹੋਏ ਹੋਣ ਤਾਂ ਕੀ ਹੁੰਦਾ ਹੈ?

*ਕੈਨੇਡਾ ਵਿਚ ਪੈਦਾ ਹੋਏ ਵਿਦਿਆਰਥੀਆਂ ਬਾਰੇ ਜਦੋਂ ਸਕੂਲਾਂ ਕੋਲ ਰਜਿਸਟਰੇਸ਼ਨ ਲਈ ਪੇਪਰਾਂ ਬਾਰੇ ਕੋਈ ਸਰੋਕਾਰ ਹੁੰਦਾ ਹੈ ਤਾਂ ਸਕੂਲ ਦੇ ਦਫਤਰ ਦੇ ਕਰਮਚਾਰੀ ਮਸਲੇ ਦਾ ਹੱਲ ਕਰਨ ਵਿਚ ਮਦਦ ਲੈਣ ਲਈ ਡੀ ਆਰ ਪੀ ਸੀ ਨਾਲ ਸੰਪਰਕ ਕਰਨਗੇ। ਇਹ ਪੜ੍ਹਾਈ ਦੇ ਪਰਮਿਟਾਂ, ਕੰਮ ਦੇ ਪਰਮਿਟਾਂ ਅਤੇ ਕਮਜ਼ੋਰ ਹਾਲਤਾਂ ਉੱਪਰ ਲਾਗੂ ਹੁੰਦਾ ਹੈ। ਸਰਕਾਰੀ ਫੰਡਾਂ ਵਾਲੀ ਪੜ੍ਹਾਈ ਲਈ ਕਿਸੇ ਬੱਚੇ ਦੀ ਯੋਗਤਾ ਦਾ ਫੈਸਲਾ ਕਰਨ ਲਈ ਡੀ ਆਰ ਪੀ ਸੀ ਦਾ ਸਟਾਫ ਪੇਪਰ ਦੇਖਦਾ ਹੈ।*

### ਸਰਕਾਰੀ ਫੰਡਾਂ ਵਾਲੀ ਪੜ੍ਹਾਈ ਲਈ ਕਿਸੇ ਬੱਚੇ ਦੀ ਹੱਕਦਾਰੀ ਦਾ ਫੈਸਲਾ ਕਿਵੇਂ ਕੀਤਾ ਜਾਂਦਾ ਹੈ?

*ਸਰਕਾਰੀ ਫੰਡਾਂ ਵਾਲੀ ਪੜ੍ਹਾਈ ਲਈ ਹੱਕਦਾਰੀ ਕਾਨੂੰਨੀ ਗਾਰਡੀਅਨ ਅਤੇ ਸਕੂਲ ਜਾਣ ਦੀ ਉਮਰ ਦੇ ਬੱਚੇ ਦੀ ਬੀ ਸੀ ਵਿਚ ਆਮ ਰਿਹਾਇਸ਼ ਕਾਇਮ ਰੱਖਣ ’ਤੇ ਅਧਾਰਿਤ ਹੁੰਦੀ ਹੈ (ਪੂਰੀ ਐੱਮ ਓ ਈ ਪਾਲਸੀ ਦੇਖੋ: http://www2.gov.bc.ca/gov/topic.page?id=AEC35F1EA3644F20B2A4C6C32FC97074 ਇਮੀਗਰੇਸ਼ਨ ਦਾ ਦਰਜਾ ਢੁਕਵਾਂ ਹੈ ਪਰ ਇਹ ਆਮ ਰਿਹਾਇਸ਼ ਦਾ ਫੈਸਲਾ ਨਹੀਂ ਕਰਦਾ।*

### ਉਨ੍ਹਾਂ ਬੱਚਿਆਂ ਬਾਰੇ ਕੀ ਕਹਿਣਾ ਹੈ ਜਿਨ੍ਹਾਂ ਦੇ ਮਾਪੇ ਟੈਂਪਰੇਰੀ ਫੌਰਨ ਵਰਕਰ ਜਾਂ ਰਫਿਊਜੀ ਦਾ ਕਲੇਮ ਕਰਨ ਵਾਲੇ (ਪਨਾਹ ਮੰਗਣ ਵਾਲੇ) ਹਨ? ਕੀ ਉਹ ਬੀ ਸੀ ਵਿਚ ਸਰਕਾਰੀ ਫੰਡਾਂ ਨਾਲ ਹੋਣ ਵਾਲੀ ਪੜ੍ਹਾਈ ਲਈ ਹੱਕਦਾਰ ਹਨ?

*ਟੈਂਪਰੇਰੀ ਫੌਰਨ ਵਰਕਰਾਂ (ਟੀ ਐੱਫ ਡਬਲਯੂ) ਕੋਲ ਆਮ ਤੌਰ ’ਤੇ ਕੰਮ ਕਰਨ ਦਾ ਪਰਮਿਟ ਹੁੰਦਾ ਹੈ ਜਿਹੜਾ ਕਿ ਇਕ ਸਾਲ ਨਾਲੋਂ ਲੰਬਾ ਹੁੰਦਾ ਹੈ ਅਤੇ ਉਨ੍ਹਾਂ ਦੇ ਬੱਚੇ ਸਰਕਾਰੀ ਫੰਡਾਂ ਨਾਲ ਹੋਣ ਵਾਲੀ ਪੜ੍ਹਾਈ ਲਈ ਉਸ ਸਮੇਂ ਦੌਰਾਨ ਯੋਗ ਹੁੰਦੇ ਹਨ। ਰਫਿਊਜੀ ਦਾ ਕਲੇਮ ਕਰਨ ਵਾਲਿਆਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਕਲੇਮ ਦਾ ਫੈਸਲਾ ਹੋਣ ਦੇ ਸਮੇਂ ਦੌਰਾਨ ਸਰਕਾਰੀ ਫੰਡਾਂ ਨਾਲ ਹੋਣ ਵਾਲੀ ਪੜ੍ਹਾਈ ਕਰਵਾਈ ਜਾ ਸਕਦੀ ਹੈ। ਰਫਿਊਜੀ ਦਾ ਕਲੇਮ ਕਰਨ ਵਾਲੇ ਜਿਨ੍ਹਾਂ ਵਿਅਕਤੀਆਂ ਨੂੰ ਕੈਨੇਡਾ ਵਿਚ ਰਹਿਣ ਦੀ ਆਗਿਆ ਤੋਂ ਨਾਂਹ ਕਰ ਦਿੱਤੀ ਗਈ ਹੁੰਦੀ ਹੈ ਅਤੇ ਕੰਮ ਦੇ ਪਰਮਿਟ ਦੀ ਮਿਆਦ ਮੁੱਕ ਗਏ ਵਿਅਕਤੀਆਂ ਦੇ ਕੇਸਾਂ ਨਾਲ ਇਕੱਲੇ ਇਕੱਲੇ ਵਰਤਣ ਦੀ ਲੋੜ ਪੈਂਦੀ ਹੈ।*

**ਉਨ੍ਹਾਂ ਪਰਿਵਾਰਾਂ ਬਾਰੇ ਕੀ ਕਹਿਣਾ ਹੈ ਜਿਨ੍ਹਾਂ ਦੀ ਅੰਗਰੇਜ਼ੀ ਵਿਚ ਮੁਹਾਰਤ ਨਹੀਂ ਹੈ? ਕੀ ਉਨ੍ਹਾਂ ਲਈ ਕੋਈ ਮਦਦ ਮੌਜੂਦ ਹੈ?**

*ਜਿਹੜੇ ਪਰਿਵਾਰਾਂ ਦੀ ਅੰਗਰੇਜ਼ੀ ਵਿਚ ਮੁਹਾਰਤ ਨਹੀਂ ਹੈ, ਉਨ੍ਹਾਂ ਦੀ ਮਦਦ ਕਰਨ ਲਈ ਡੀ ਆਰ ਪੀ ਸੀ ਕੋਲ ਮਲਟੀਕਲਚਰਲ ਲੀਏਜ਼ਾਨ ਵਰਕਰ ਅਤੇ ਸੈਟਲਮੈਂਟ ਵਰਕਰ ਹਨ। ਸਾਡੇ ਸਕੂਲਾਂ ਵਿਚ ਦਾਖਲ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਦੀ ਐੱਮ ਸੀ ਐੱਲ ਡਬਲਯੂ ਅਤੇ/ਜਾਂ ਸਵਿਸ ਮਦਦ ਤੱਕ ਪਹੁੰਚ ਹੈ।*

**ਜੇ ਕਿਸੇ ਮਾਪੇ ਕੋਲ ਰਿਹਾਇਸ਼ ਦਾ ਆਮ ਦਰਜਾ ਦਿਖਾਉਣ ਲਈ ਲੋੜੀਂਦੇ ਪੇਪਰ (ਡਾਕੂਮੈਂਟਸ) ਨਾ ਹੋਣ ਤਾਂ ਕੀ ਹੋਵੇਗਾ?**

*ਜਿਨ੍ਹਾਂ ਮਾਪਿਆਂ ਕੋਲ ਰਿਹਾਇਸ਼ ਦਾ ਆਮ ਦਰਜਾ ਦਿਖਾਉਣ ਲਈ ਲੋੜੀਂਦੇ ਪੇਪਰ ਨਹੀਂ ਹੁੰਦੇ ਉਨ੍ਹਾਂ ਨੂੰ ਡੀ ਆਰ ਪੀ ਸੀ ਦੇ ਡਿਸਟ੍ਰਿਕਟ ਪ੍ਰਿੰਸੀਪਲ ਕੋਲ ਭੇਜਿਆ ਜਾਂਦਾ ਹੈ। ਸਕੂਲ ਡਿਸਟ੍ਰਿਕਟ ਨੇ ਉਨ੍ਹਾਂ ਪਰਿਵਾਰਾਂ ਦੀ ਮਦਦ ਕਰਨ ਲਈ ਪ੍ਰਬੰਧ ਕੀਤੇ ਹੋਏ ਹਨ ਜਿਨ੍ਹਾਂ ਕੋਲ ਲੋੜੀਂਦੇ ਆਮ ਪੇਪਰ ਨਹੀਂ ਹਨ। ਡੀ ਆਰ ਪੀ ਸੀ ਦੇ ਸਟਾਫ ਵਲੋਂ ਹਰ ਕੇਸ ਉੱਪਰ ਧਿਆਨ ਨਾਲ ਅਤੇ ਸੰਵੇਦਨਸ਼ੀਲਤਾ ਨਾਲ ਵਿਚਾਰ ਕੀਤਾ ਜਾਵੇਗਾ। ਮਾਪਿਆਂ ਨੂੰ ਇਹ ਸਾਬਤ ਕਰਨ ਲਈ ਹੋਰ ਸਬੂਤ ਦੇਣ ਲਈ ਕਿਹਾ ਜਾਵੇਗਾ ਕਿ ਉਨ੍ਹਾਂ ਨੇ ਬੀ ਸੀ ਵਿਚ 'ਆਮ ਰਿਹਾਇਸ਼' ਕਾਇਮ ਰੱਖੀ ਹੈ।*

**ਜੇ ਮਾਪਾ ਇਸ ਚੀਜ਼ ਬਾਰੇ ਫਿਕਰਮੰਦ ਹੋਵੇ ਕਿ ਕਿਸੇ ਕਾਰਨ ਕਰਕੇ ਉਨ੍ਹਾਂ ਦੀ ਇਮੀਗਰੇਸ਼ਨ ਦੇ ਦਰਜੇ ਬਾਰੇ ਫੈਡਰਲ ਇਮੀਗਰੇਸ਼ਨ ਅਧਿਕਾਰੀਆਂ ਨੂੰ ਦੱਸਿਆ ਜਾ ਰਿਹਾ ਹੈ?**

*ਨਿੱਜੀ ਜਾਣਕਾਰੀ ਨੂੰ ਗੁਪਤ ਰੱਖਣਾ ਮਹੱਤਵਪੂਰਨ ਹੈ ਅਤੇ ਮਾਪਿਆਂ ਨੂੰ ਡੀ ਆਰ ਪੀ ਸੀ ਕੋਲ ਆਉਣ ਤੋਂ ਡਰਨ ਦੀ ਲੋੜ ਨਹੀਂ ਹੈ। ਭਾਵੇਂ ਕਿ ਸਕੂਲ ਡਿਸਟ੍ਰਿਕਟ ਇਮੀਗਰੇਸ਼ਨ ਦੇ ਮਾਮਲਿਆਂ ਬਾਰੇ ਫੈਡਰਲ ਸਰਕਾਰ ਦੇ ਕਾਨੂੰਨੀ ਅਧਿਕਾਰ ਖੇਤਰ ਨੂੰ ਮੰਨਦਾ ਹੈ, ਪਰ ਸਕੂਲ ਡਿਸਟ੍ਰਿਕਟ ਦਾ ਰੋਲ ਇਮੀਗਰੇਸ਼ਨ ਦਰਜੇ ਦੀ ਜਾਣਕਾਰੀ ਬਾਹਰੀ ਏਜੰਸੀਆਂ ਨੂੰ ਦੇਣਾ ਨਹੀਂ ਹੈ ਜਿਵੇਂ ਕਿ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ, ਜੇ ਇਸ ਨੂੰ ਅਜਿਹਾ ਕਰਨ ਲਈ ਕਾਨੂੰਨੀ ਹੁਕਮ ਨਹੀਂ ਦਿੱਤਾ ਜਾਂਦਾ।*

**ਜੇ ਕੋਈ ਵਿਦਿਆਰਥੀ ਸਰਕਾਰੀ ਫੰਡਾਂ ਨਾਲ ਹੋਣ ਵਾਲੀ ਪੜ੍ਹਾਈ ਲਈ ਯੋਗ ਨਾ ਹੋਵੇ ਤਾਂ ਕੀ ਹੋਵੇਗਾ?**

*ਜਿਹੜੇ ਵਿਦਿਆਰਥੀ ਸਰਕਾਰੀ ਫੰਡਾਂ ਨਾਲ ਹੋਣ ਵਾਲੀ ਪੜ੍ਹਾਈ ਲਈ ਯੋਗ ਨਹੀਂ ਹੁੰਦੇ ਉਨ੍ਹਾਂ ਨੂੰ ਫੀਸ ਵਾਲੇ ਇੰਟਰਨੈਸ਼ਨਲ ਐਜੂਕੇਸ਼ਨ ਪ੍ਰੋਗਰਾਮ ਲਈ ਰੈਫਰ ਕੀਤਾ ਜਾਂਦਾ ਹੈ। ਸਾਡੇ ਸਵਿਸ/ਐੱਮ ਸੀ ਐੱਲ ਡਬਲਯੂ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਲਈ ਉਦੋਂ ਤੱਕ ਅੰਗਰੇਜ਼ੀ ਸਿੱਖਣ ਦੇ ਹੋਰ ਕਮਿਊਨਟੀ, ਧਾਰਮਿਕ ਜਾਂ ਆਜ਼ਾਦ ਮੌਕਿਆਂ ਬਾਰੇ ਵੀ ਦੱਸ ਸਕਦੇ ਹਨ ਜਦ ਤੱਕ ਮਾਪਾ/ਕਾਨੂੰਨੀ ਗਾਰਡੀਅਨ, ਫੰਡਾਂ ਦੇ ਮੰਤਵਾਂ ਲਈ ਆਮ ਰਿਹਾਇਸ਼ ਦਾ ਸਬੂਤ ਨਾ ਦੇ ਸਕਦਾ ਹੋਵੇ।*

**ਜੇ ਵਿਦਿਆਰਥੀ ਪਹਿਲਾਂ ਹੀ ਕਿਸੇ ਸਕੂਲ ਵਿਚ ਦਾਖਲ ਹੋਵੇ ਅਤੇ ਉਸ ਦੇ ਮਾਪੇ/ਕਾਨੂੰਨੀ ਗਾਰਡੀਅਨ ਦਾ ਇਮੀਗਰੇਸ਼ਨ ਦਾ ਦਰਜਾ ਬਦਲ ਜਾਵੇ ਤਾਂ ਕੀ ਹੋਵੇਗਾ? ਕੀ ਵਿਦਿਆਰਥੀ ਨੂੰ ਸਕੂਲ ਛੱਡ ਕੇ ਜਾਣਾ ਪਵੇਗਾ?**

*ਜਿਨ੍ਹਾਂ ਮਾਪਿਆਂ/ਕਾਨੂੰਨੀ ਗਾਰਡੀਅਨਾਂ ਦੇ ਬੱਚੇ ਪਹਿਲਾਂ ਹੀ ਸਕੂਲਾਂ ਵਿਚ ਦਾਖਲ ਹਨ, ਉਨ੍ਹਾਂ ਬੱਚਿਆਂ ਨੂੰ ਮਾਪੇ/ਕਾਨੂੰਨੀ ਗਾਰਡੀਅਨ ਵਲੋਂ ਇਮੀਗਰੇਸ਼ਨ ਦੇ ਮਾਮਲਿਆਂ ਨਾਲ ਨਜਿੱਠਣ ਵੇਲੇ ਸਕੂਲ ਤੋਂ ਹਟਾਇਆ ਨਹੀਂ ਜਾਵੇਗਾ, ਜੇ ਉਹ ਹਿਮਾਇਤ ਵਿਚ ਅਜਿਹੇ ਪੇਪਰ ਦਰਜ ਕਰਵਾਉਂਦੇ ਹਨ ਜਿਹੜੇ ਇਹ ਦੱਸਦੇ ਹੋਣ ਕਿ ਉਹ ਤਬਦੀਲੀ ਦੇ ਸਮੇਂ ਵਿਚ ਹਨ (ਜਿਵੇਂ ਦਰਜੇ ਨੂੰ ਟੈਂਪਰੇਰੀ ਫੌਰਨ ਵਰਕਰ ਤੋਂ ਪ੍ਰਮਾਨੈਂਟ ਰੈਜ਼ੀਡੈਂਸ ਜਾਂ ਸਟੱਡੀ ਪਰਮਿਟ ਆਦਿ ਵਿਚ ਤਬਦੀਲ ਕਰਨਾ।) ਹੋਰ ਕੇਸਾਂ ਨਾਲ ਇਕੱਲੇ ਇਕੱਲੇ ਕੇਸ ਦੇ ਆਧਾਰ 'ਤੇ ਵਰਤਿਆ ਜਾਵੇਗਾ।*

**ਜੇ ਕੋਈ ਬੱਚਾ ਵੀ ਐੱਸ ਬੀ ਸਕੂਲ ਵਿਚ ਦਾਖਲ ਹੋਵੇ ਪਰ ਉਨ੍ਹਾਂ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਖਰਚਾ ਨਾ ਦੇ ਸਕਦਾ ਹੋਵੇ ਜਿਨ੍ਹਾਂ ਲਈ ਵਾਧੂ ਫੰਡਾਂ ਦੀ ਲੋੜ ਹੁੰਦੀ ਹੈ ਤਾਂ ਕੀ ਹੋਵੇਗਾ, ਜਿਵੇਂ ਕੁਝ ਫੀਲਡ ਟ੍ਰਿਪ?**

*ਵਿਦਿਆਰਥੀਆਂ ਦੇ ਸਕੂਲਾਂ ਵਿਚ ਦਾਖਲ ਹੋ ਜਾਣ ਤੋਂ ਬਾਅਦ ਉਹ ਸਾਰੇ ਪ੍ਰੋਗਰਾਮਾਂ ਲਈ ਹੱਕਦਾਰ ਹੁੰਦੇ ਹਨ। ਸਕੂਲ ਡਿਸਟ੍ਰਿਕਟ ਇਹ ਪੱਕਾ ਕਰਨ ਲਈ ਹਰ ਕੋਸ਼ਿਸ਼ ਕਰਦਾ ਹੈ ਕਿ ਕਿਸੇ ਪਰਿਵਾਰ ਦੀਆਂ ਪੈਸੇ ਧੇਲੇ ਦੀਆਂ ਮਜ਼ਬੂਰੀਆਂ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਵੀ ਪ੍ਰੋਗਰਾਮ ਦੀ ਸਰਗਰਮੀ ਵਿਚ ਹਿੱਸਾ ਲੈਣ ਤੋਂ ਨਾ ਰੋਕਣ।*